ਦਫਤਰ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
(ਮੰਡੀਕਰਨ ਸ਼ਾਖਾ)

ਵੱਲ

1) ਪ੍ਰਬੰਧਕ ਨਿਰਦੇਸ਼ਕ,
ਮਾਰਕਫੈਡ, ਪੰਜਾਬ, ਚੰਡੀਗੜ੍ਹ।

2) ਸਟੇਟ ਮਾਰਕੀਟਿੰਗ ਮੈਨੇਜਰ, (ਪੰਜਾਬ),
ਇਫਕੋ, ਚੰਡੀਗੜ੍ਹ।

3) ਸਮੂਹ ਸੰਯੁਕਤ/ਉਪ/ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਖੇਤਰ ਵਿੱਚ।

ਮੀਮੋ ਨੰ: ਰਸਸ/ਮੰਡੀ:/ਨ.ਖ./ 10271-273
ਚੰਡੀਗੜ੍ਹ ਮਿਤੀ: 26/08/14

ਵਿਸ਼ਾ:- **ਹਾੜ੍ਹੀ 2014-15 ਲਈ ਸਹਿਕਾਰੀ ਸਭਾਵਾਂ ਰਾਹੀਂ ਸਭਾਵਾਂ ਦੇ ਮੈਂਬਰ ਕਿਸਾਨਾਂ ਨੂੰ ਉਚੇਰੇ ਮਿਆਰ ਦੇ ਐਗਰੋ ਕੈਮੀਕਲਜ਼ ਮੁਹੱਈਆ ਕਰਾਉਣ ਸਬੰਧੀ।**

ਇਸ ਦਫਤਰ ਦੇ ਪੱਤਰ ਨੰ. ਰਸਸ/ਮੰਡੀ:/ਨ.ਖ./5603-05 ਮਿਤੀ 12.05.14 ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ ਸਰਕਾਰ ਦੀ ਪ੍ਰਵਾਨਗੀ ਅਨੁਸਾਰ ਹਾੜ੍ਹੀ 2014-15 ਦੇ ਸੀਜ਼ਨ ਲਈ ਵੀ ਪ੍ਰਾਈਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਨੂੰ ਐਗਰੋ ਕੈਮੀਕਲਜ਼ ਮਾਰਕਿਟ ਵਿੱਚੋਂ ਆਪਣੇ ਪੱਧਰ ਤੇ ਖਰੀਦ ਕਰਨ ਦੀ ਖੁੱਲ ਦਿੱਤੀ ਜਾਂਦੀ ਹੈ। ਇਹ ਖੁੱਲ ਉਕਤ ਪੱਤਰ ਵਿੱਚ ਦਰਜ ਸ਼ਰਤਾਂ ਅਧੀਨ ਦਿੱਤੀ ਜਾਂਦੀ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸਿਫਾਰਿਸ਼ ਕੀਤੇ ਅਤੇ ਪੰਜਾਬ ਸਰਕਾਰ ਵੱਲੋਂ ਪੱਤਰ ਨੰ.13/8/14-ਖ.ਬ.2(10)/9318 ਮਿਤੀ 05/08/2013 ਰਾਹੀਂ ਗਠਿਤ ਕੀਤੀ ਉੱਚ ਪੱਧਰੀ ਕਮੇਟੀ ਵੱਲੋਂ ਪ੍ਰਵਾਨ ਕੀਤੇ ਬਰਾਂਡਾਂ ਦੀ ਲਿਸਟ ਪਹਿਲਾਂ ਹੀ ਉਕਤ ਪੱਤਰ ਰਾਹੀਂ ਭੇਜੀ ਜਾ ਚੁਕੀ ਹੈ। ਇਸ ਉਪਰੰਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਇਸ ਦਫਤਰ ਨੂੰ ਭੇਜੀ ਅਪਡੇਟਿਡ ਐਗਰੋ ਕੈਮਿਕਲਜ਼ ਦੀ ਸੂਚੀ ਵਿੱਚ ਪਾਈ ਗਈ ਤਬਦੀਲੀ ਬਾਰੇ ਵੀ ਇਸ ਦਫਤਰ ਦੇ ਪੱਤਰ ਨੰ. ਰਸਸ/ਮੰਡੀ:/ਨ.ਖ./8702-06 ਮਿਤੀ 25.07.14 ਰਾਹੀਂ ਜਾਣੂੰ ਕਰਵਾਇਆ ਜਾ ਚੁਕਾ ਹੈ। ਇਹ ਯਕੀਨੀ ਬਣਾਇਆ ਜਾਵੇ ਕਿ ਇਨ੍ਹਾਂ ਪ੍ਰਵਾਨਤ ਬਰਾਂਡਾਂ ਤੋਂ ਇਲਾਵਾ ਹੋਰ ਕਿਸੇ ਬਰਾਂਡ ਦੀ ਖਰੀਦ/ਸਪਲਾਈ ਨਾ ਕੀਤੀ ਜਾਵੇ।

ਵਧੀਕ ਰਜਿਸਟਰਾਰ (ਜੀ)
26/8

ਪਿੱਠ ਅੰਕਣ ਨੰ:ਰਸਸ/ਮੰਡੀ/ਨ.ਖ./ 10274-280 ਮਿਤੀ: 26/8/14

ਉਪਰੋਕਤ ਦਾ ਉਤਾਰਾ:

1. ਨਿੱਜੀ ਸਕੱਤਰ,ਵਿੱਤੀ ਕਮਿਸਨਰ (ਸਹਿਕਾਰਤਾ) ਪੰਜਾਬ ਸਰਕਾਰ, ਨੂੰ ਮਾਨਯੋਗ ਵਿੱਤੀ ਕਮਿਸਨਰ, (ਸਹਿਕਾਰਤਾ) ਜੀ ਦੀ ਜਾਣਕਾਰੀ ਹਿੱਤ।
2. ਨਿੱਜੀ ਸਕੱਤਰ,ਵਿੱਤੀ ਕਮਿਸਨਰ (ਵਿਕਾਸ) ਪੰਜਾਬ ਸਰਕਾਰ, ਨੂੰ ਮਾਨਯੋਗ ਵਿੱਤੀ ਕਮਿਸਨਰ (ਵਿਕਾਸ) ਜੀ ਦੀ ਜਾਣਕਾਰੀ ਹਿੱਤ।
3. ਨਿੱਜੀ ਸਹਾਇਕ,ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ ਚੰਡੀਗੜ੍ਹ ਨੂੰ ਮਾਨਯੋਗ ਰ.ਸ.ਸ ਜੀ ਦੀ ਜਾਣਕਾਰੀ ਹਿੱਤ।
4. ਪ੍ਰਬੰਧਕ ਨਿਰਦੇਸਕ,ਦੀ ਪੰਜਾਬ ਰਾਜ ਸਹਿਕਾਰੀ ਬੈਂਕ ਲਿਮ: ਚੰਡੀਗੜ੍ਹ ਨੂੰ ਜਰੂਰੀ ਕਾਰਵਾਈ ਅਤੇ ਜਾਣਕਾਰੀ ਹਿੱਤ।
5. ਪ੍ਰਬੰਧ ਨਿਰਦੇਸਕ,ਪੰਨਕੋਫੈਡ,ਪੰਜਾਬ ਚੰਡੀਗੜ੍ਹ ਨੂੰ ਲੌੜੀਦੀ ਕਾਰਵਾਈ ਲਈ।
6. ਡਾਇਰੈਕਟਰ ਖੇਤੀਬਾੜੀ,ਪੰਜਾਬ ਚੰਡੀਗੜ੍ਹ ਨੂੰ ਸੂਚਨਾ ਹਿੱਤ।
7. ਪ੍ਰਬੰਧ ਨਿਰਦੇਸਕ/ਮੈਨੇਜਰ ਸਮੂਹ ਕੇਦਰੀ ਸਹਿਕਾਰੀ ਬੈਂਕ ਪੰਜਾਬ ਰਾਜ ਵਿੱਚ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ।

ਵਧੀਕ ਰਜਿਸਟਰਾਰ (ਜੀ)
26/8

ਦਫਤਰ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
(ਮੰਡੀਕਰਨ ਸ਼ਾਖਾ)

ਵੱਲ

1) ਪ੍ਰਬੰਧਕ ਨਿਰਦੇਸ਼ਕ,
ਮਾਰਕਫੈਡ, ਪੰਜਾਬ, ਚੰਡੀਗੜ੍ਹ।

2) ਸਟੇਟ ਮਾਰਕੀਟਿੰਗ ਮੈਨੇਜਰ, (ਪੰਜਾਬ),
ਇਫਕੋ, ਚੰਡੀਗੜ੍ਹ।

3) ਸਮੂਹ ਸੰਯੁਕਤ/ਉਪ/ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਖੇਤਰ ਵਿੱਚ।

ਮੀਮੋ ਨੰ: ਰਸਸ/ਮੰਡੀ:/ਨ.ਖ./ 10373-75
ਚੰਡੀਗੜ੍ਹ ਮਿਤੀ: 29/8/14

ਵਿਸ਼ਾ:- **ਹਾੜ੍ਹੀ 2014-15 ਲਈ ਸਹਿਕਾਰੀ ਸਭਾਵਾਂ ਰਾਹੀਂ ਸਭਾਵਾਂ ਦੇ ਮੈਂਬਰ ਕਿਸਾਨਾਂ ਨੂੰ ਉਚੇਰੇ ਮਿਆਰ ਦੇ ਐਗਰੋ ਕੈਮੀਕਲਜ਼ ਮੁਹੱਈਆ ਕਰਾਉਣ ਸਬੰਧੀ।**

ਇਹ ਪੱਤਰ ਇਸ ਦਫਤਰ ਦੇ ਪੱਤਰ ਨੰ. ਰਸਸ/ਮੰਡੀ:/ਨ.ਖ./10271-273 ਮਿਤੀ 26/08/14 ਰਾਹੀਂ ਜਾਰੀ ਹੋਈਆਂ ਹਦਾਇਤਾਂ ਵਿੱਚ ਅੰਸ਼ਿਕ ਸੋਧ ਕਰਦੇ ਹੋਏ ਸਪਸ਼ਟ ਕੀਤਾ ਜਾਂਦਾ ਹੈ ਕਿ ਕਿਸਾਨਾਂ ਨੂੰ ਵਧੀਆ ਐਗਰੋ ਕੈਮੀਕਲਜ਼ ਦੀ ਸਪਲਾਈ ਸਹਿਕਾਰੀ ਸਭਾਵਾਂ ਰਾਹੀਂ ਪਹੁੰਚਾਉਣ ਲਈ ਸਾਉਣੀ 2014 ਦੇ ਸੀਜ਼ਨ ਦੀ ਤਰ੍ਹਾਂ ਹਾੜ੍ਹੀ 2014-15 ਲਈ ਵੀ ਪ੍ਰਾਈਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਨੂੰ ਐਗਰੋ ਕੈਮੀਕਲਜ਼ ਮਾਰਕਿਟ ਵਿੱਚੋਂ ਆਪਣੇ ਪੱਧਰ ਤੇ ਖਰੀਦ ਕਰਨ ਦੀ ਖੁੱਲ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਰਾਜ ਦੀਆਂ ਖੇਤੀਬਾੜੀ ਸਭਾਵਾਂ ਸਿਰਫ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸਿਫਾਰਿਸ਼ ਕੀਤੇ ਅਤੇ ਪੰਜਾਬ ਸਰਕਾਰ ਵੱਲੋਂ ਪੱਤਰ ਨੰ.13/8/14-ਖ.ਬ.2(10)/9318 ਮਿਤੀ 05/08/2013 ਰਾਹੀਂ ਗਠਿਤ ਕੀਤੀ ਉੱਚ ਪੱਧਰੀ ਕਮੇਟੀ ਵੱਲੋਂ ਪ੍ਰਵਾਨ ਕੀਤੇ ਬਰਾਂਡ ਹੀ ਆਪਣੇ ਮੈਂਬਰਾਂ ਨੂੰ ਸਪਲਾਈ ਕਰਨਗੀਆਂ। ਇਹ ਬਰਾਂਡ ਕੰਪਨੀਆਂ ਦੇ ਅਧਿਕਾਰਿਤ ਡੀਲਰ ਜਾਂ ਡਿਸਟ੍ਰੀਬਿਊਟਰ ਤੋਂ ਹੀ ਲਏ ਜਾਣਗੇ। ਵੱਖ-ਵੱਖ ਦਵਾਈਆਂ ਦੀ ਖਰੀਦ ਦੀ ਮਾਤਰਾ, ਰੇਟ ਅਤੇ ਮਾਰਜਨ ਸਭਾਵਾਂ ਆਪਣੇ ਪੱਧਰ ਤੇ ਤੈਅ ਕਰਨਗੀਆਂ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸਿਫਾਰਿਸ਼ ਕੀਤੇ ਅਤੇ ਪੰਜਾਬ ਸਰਕਾਰ ਵੱਲੋਂ ਪੱਤਰ ਨੰ.13/8/14-ਖ.ਬ.2(10)/9318 ਮਿਤੀ 05/08/2013 ਰਾਹੀਂ ਗਠਿਤ ਕੀਤੀ ਉੱਚ ਪੱਧਰੀ ਕਮੇਟੀ ਵੱਲੋਂ ਪ੍ਰਵਾਨ ਕੀਤੇ ਬਰਾਂਡਾਂ ਦੀ ਲਿਸਟ ਪਹਿਲਾਂ ਹੀ ਪੱਤਰ ਨੰ. ਰਸਸ/ਮੰਡੀ:/ਨ.ਖ./5603-05 ਮਿਤੀ 12.05.14 ਰਾਹੀਂ ਭੇਜੀ ਜਾ ਚੁਕੀ ਹੈ। ਇਸ ਉਪਰੰਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਇਸ ਦਫਤਰ ਨੂੰ ਭੇਜੀ ਅਪਡੇਟਿਡ ਐਗਰੋ ਕੈਮਿਕਲਜ਼ ਦੀ ਸੂਚੀ ਵਿੱਚ ਪਾਈ ਗਈ ਤਬਦੀਲੀ ਬਾਰੇ ਵੀ ਇਸ ਦਫਤਰ ਦੇ ਪੱਤਰ ਨੰ. ਰਸਸ/ਮੰਡੀ:/ਨ.ਖ./8702-06 ਮਿਤੀ 25.07.14 ਰਾਹੀਂ ਜਾਣੂੰ ਕਰਵਾਇਆ ਜਾ ਚੁਕਾ ਹੈ।

ਇਹ ਯਕੀਨੀ ਬਣਾਇਆ ਜਾਵੇ ਕਿ ਇਨ੍ਹਾਂ ਪ੍ਰਵਾਨਤ ਬਰਾਂਡਾਂ ਤੋਂ ਇਲਾਵਾ ਹੋਰ ਕਿਸੇ ਬਰਾਂਡ ਦੀ ਖਰੀਦ/ਸਪਲਾਈ ਨਾ ਕੀਤੀ ਜਾਵੇ।

ਇਹ ਹਦਾਇਤਾਂ ਪੰਜਾਬ ਕੋਆਪ੍ਰੇਟਿਵ ਸੁਸਾਇਟੀਸ ਰੂਲ 1963 ਦੇ ਰੂਲ ਨੰ.45 ਅਧੀਨ ਜਾਰੀ ਕੀਤੀਆਂ ਜਾਂਦੀਆਂ ਹਨ।

ਵਧੀਕ ਰਜਿਸਟਰਾਰ (ਜੀ)
ਵਾਸਤੇ:ਰਜਿਸਟਰਾਰ ਸਹਿਕਾਰੀ ਸਭਾਵਾਂ, 29/8
ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ:ਰਸਸ/ਮੰਡੀ/ਨ.ਖ./ 10376-82 ਮਿਤੀ: 29/8/14

ਉਪਰੋਕਤ ਦਾ ਉਤਾਰਾ:

1. ਨਿੱਜੀ ਸਕੱਤਰ,ਵਿੱਤੀ ਕਮਿਸ਼ਨਰ (ਸਹਿਕਾਰਤਾ) ਪੰਜਾਬ ਸਰਕਾਰ, ਨੂੰ ਮਾਨਯੋਗ ਵਿੱਤੀ ਕਮਿਸ਼ਨਰ, (ਸਹਿਕਾਰਤਾ) ਜੀ ਦੀ ਜਾਣਕਾਰੀ ਹਿੱਤ।

2. ਨਿੱਜੀ ਸਕੱਤਰ,ਵਿੱਤੀ ਕਮਿਸਨਰ (ਵਿਕਾਸ) ਪੰਜਾਬ ਸਰਕਾਰ, ਨੂੰ ਮਾਨਯੋਗ ਵਿੱਤੀ ਕਮਿਸਨਰ (ਵਿਕਾਸ) ਜੀ ਦੀ ਜਾਣਕਾਰੀ ਹਿੱਤ।
3. ਨਿੱਜੀ ਸਹਾਇਕ,ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ ਚੰਡੀਗੜ੍ਹ ਨੂੰ ਮਾਨਯੋਗ ਰ.ਸ.ਸ ਜੀ ਦੀ ਜਾਣਕਾਰੀ ਹਿੱਤ।
4. ਪ੍ਰਬੰਧਕ ਨਿਰਦੇਸਕ,ਦੀ ਪੰਜਾਬ ਰਾਜ ਸਹਿਕਾਰੀ ਬੈਂਕ ਲਿਮ: ਚੰਡੀਗੜ੍ਹ ਨੂੰ ਜਰੂਰੀ ਕਾਰਵਾਈ ਅਤੇ ਜਾਣਕਾਰੀ ਹਿੱਤ।
5. ਪ੍ਰਬੰਧ ਨਿਰਦੇਸਕ,ਪੰਨਕੋਫੈਡ,ਪੰਜਾਬ ਚੰਡੀਗੜ੍ਹ ਨੂੰ ਲੋੜੀਦੀ ਕਾਰਵਾਈ ਲਈ।
6. ਡਾਇਰੈਕਟਰ ਖੇਤੀਬਾੜੀ,ਪੰਜਾਬ ਚੰਡੀਗੜ੍ਹ ਨੂੰ ਸੂਚਨਾ ਹਿੱਤ।
7. ਪ੍ਰਬੰਧ ਨਿਰਦੇਸਕ/ਮੈਨੇਜਰ ਸਮੂਹ ਕੇਦਰੀ ਸਹਿਕਾਰੀ ਬੈਂਕ ਪੰਜਾਬ ਰਾਜ ਵਿੱਚ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ।

ਵਧੀਕ ਰਜਿਸਟਰਾਰ (ਜੀ)
ਵਾਸਤੇ:ਰਜਿਸਟਰਾਰ ਸਹਿਕਾਰੀ ਸਭਾਵਾਂ
ਪੰਜਾਬ, ਚੰਡੀਗੜ੍ਹ।
29/8